EDUCATION IS A MOVEMENT FROM DARKNESS TO LIGHT
# Private Unaided Schools' Association-CBSE/ICSE (Regd.)
(PUSA) Punjab
Regn. No. 217
(An association of Private Unaided Schools Affiliated to CBSE/ICSE in The State of Punjab)

Prof. M.L. Arora
Patron
M.: 98142-54094

Vinod Kumar Khurana
State President
M.: 98156-21788
e-mail: sudeshvatika@yahoo.com

Mohinder Singh 'Bhola'
State Gen. Secretary
M.: 98554-23081
e-mail: mohindersinghpks@gmail.com

Ref no:- PUSA/GEN/2021/010 Dated:- 03/03/2021

ਸੇਵਾ ਵਿਖੇ ,
ਮਾਨਯੋਗ ਕੈਪਟਨ ਅਮਰਿੰਦਰ ਸਿੰਘ ਜੀ
ਮੁੱਖ ਮੰਤਰੀ, ਪੰਜਾਬ
ਚੰਡੀਗੜ੍ਹ|

**ਵਿਸ਼ਾ : ਸਕੂਲਾਂ ਨੂੰ ਇਤਰਾਜ਼ਹੀਣਤਾ ਸਰਟੀਫਿਕੇਟ ਜਾਰੀ ਕਰਨ ਲਈ ਸੀ.ਐਲ .ਯੂ ਅਤੇ ਸਬੰਧਤ ਬਿਲਡਿੰਗ ਪਲਾਨ ਅਪਰੂਵਲ ਦੀਆਂ ਸ਼ਰਤਾਂ ਤੋਂ ਰਾਹਤ ਦੇਣ ਬਾਰੇ |**

ਸ਼੍ਰੀ ਮਾਨ ਜੀ ,

ਆਪ ਜੀ ਵੱਲੋਂ ਪੰਜਾਬ ਰਾਜ ਵਿੱਚ ਚੱਲ ਰਹੇ ਸਰਕਾਰੀ ਅਤੇ ਮਾਨਤਾ ਪ੍ਰਾਪਤ ਨਿੱਜੀ ਸਕੂਲਾਂ ਵਿੱਚ ਸਹੂਲਤਾਂ ਪ੍ਰਦਾਨ ਕਰਨ ਅਤੇ ਪੜਾਈ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਜੋ ਕ੍ਰਾਂਤੀਕਾਰੀ ਕਦਮ ਚੁੱਕੇ ਗਏ ਹਨ, ਸਾਡੀ ਐਸੋਸੀਏਸ਼ਨ ਇਸ ਤੋਂ ਅਤਿ ਪ੍ਰਭਾਵਤ ਹੋ ਕੇ ਸੇਧ ਪ੍ਰਾਪਤ ਕਰ ਰਹੀ ਹੈ | ਅਸੀਂ ਆਪ ਜੀ ਦੇ ਨਾਲ ਕਦਮ ਮਿਲਾ ਕੇ ਚੱਲਣ ਲਈ ਅਤੇ ਆਪ ਜੀ ਦੁਆਰਾ ਦਿੱਤੀਆਂ ਸੇਧਾਂ ਦੀ ਰੋਸ਼ਨੀ ਵਿੱਚ ਆਪਣੀ ਐਸੋਸੀਏਸ਼ਨ ਦੇ ਸੀ.ਬੀ.ਐਸ .ਈ/ਆਈ.ਸੀ.ਐਸ.ਈ ਮਾਨਤਾ ਪ੍ਰਾਪਤ ਸਕੂਲਾਂ ਰਾਹੀ ਆਪਣਾ ਵੀ ਯੋਗਦਾਨ ਪਾਉਣ ਲਈ ਤਤਪਰ ਰਹਿੰਦੇ ਹਾਂ|

ਇਸੇ ਸਬੰਧ ਵਿੱਚ ਅਸੀ ਇੱਥੇ ਦੱਸਣਾ ਚਾਹੁੰਦੇ ਹਾਂ ਕਿ ਸਾਡੇ ਕੁੱਝ ਮਾਨਤਾ ਪ੍ਰਾਪਤੀ ਲਈ ਇਛੁੱਕ ਸਕੂਲਾਂ ਨੂੰ ਦਿੱਕਤਾਂ ਪੇਸ਼ ਆ ਰਹੀਆਂ ਹਨ ਜਿਨ੍ਹਾਂ ਦੇ ਨਿਵਾਰਨ ਲਈ ਸਾਡੀ ਐਸੋਸੀਏਸ਼ਨ ਆਪ ਜੀ ਨੂੰ ਹੇਠ ਲਿਖੇ ਅਨੁਸਾਰ ਬੇਨਤੀ ਕਰਨਾ ਚਾਹੁੰਦੀ ਹੈ :

1.ਜਿਵੇਂ ਕਿ ਆਪ ਜੀ ਨੂੰ ਪਤਾ ਹੀ ਹੈ ਕਿ ਪੰਜਾਬ ਰਾਜ ਵਿੱਚ ਚੱਲ ਰਹੇ ਸੀ.ਬੀ.ਐਸ.ਈ / ਆਈ.ਸੀ.ਐਸ.ਈ ਤੋਂ ਮਾਨਤਾ ਪ੍ਰਾਪਤ ਕਰਨ ਦੇ ਇਛੁੱਕ ਸਕੂਲ ਅਸੂਲਨ ਹੀ ਆਰ .ਟੀ.ਈ ਦੀ ਮਾਨਤਾ ਪ੍ਰਾਪਤ ਕਰਨ ਤੋਂ ਬਾਅਦ ਚਾਲੂ ਕੀਤੇ ਗਏ ਸਨ ਅਤੇ ਆਰ.ਟੀ.ਈ ਦੀਆਂ ਸਾਰੀਆਂ ਸ਼ਰਤਾਂ(ਜਿਨ੍ਹਾਂ ਵਿੱਚ ਸੀ.ਐਲ.ਯੂ ਦੀ ਸ਼ਰਤ ਉਸ ਵਕਤ ਨਹੀ ਸੀ) ਪੂਰੀਆਂ ਕਰਦੇ ਹੋਏ ਚੱਲ ਰਹੇ ਹਨ | ਹੁਣ ਜਦ ਕੇ 5-6 ਸਾਲ ਬਾਅਦ ਸੀ.ਬੀ.ਐਸ.ਈ / ਆਈ.ਸੀ.ਐਸ.ਈ ਤੋਂ ਮਾਨਤਾ ਪ੍ਰਾਪਤ ਕਰਨ ਦੇ ਮੰਤਵ ਲਈ ਪੰਜਾਬ ਸਰਕਾਰ ਤੋਂ ਲੋੜੀਂਦਾ ਇਤਰਾਜਹੀਣਤਾ ਸਰਟੀਫਿਕੇਟ (NOC) ਪ੍ਰਾਪਤ ਕਰਨ ਦੀ ਲੋੜ ਪੈਂਦੀ ਹੈ ਤਾਂ ਇਛੁੱਕ ਸਕੂਲ ਕੋਲੋਂ ਸੀ.ਐਲ.ਯੂ ਦੀ ਮੰਗ ਕੀਤੀ ਜਾਂਦੀ ਹੈ ਅਤੇ ਸਕੂਲ ਕੋਲ ਸੀ.ਐਲ.ਯੂ ਨਾਂ ਹੋਣ ਕਰਕੇ ਅਜਿਹੇ ਇਛੁੱਕ ਸਕੂਲਾਂ ਦੀ NOC ਦਾ ਕੇਸ ਰੱਦ ਕਰ ਦਿੱਤਾ ਜਾਂਦਾ ਹੈ | ਉਹਨਾਂ ਆਰ.ਟੀ.ਈ ਐਕਟ , 2009 ਦੀਆਂ 19 ਸ਼ਰਤਾਂ ਵਿੱਚ ਸੀ.ਐਲ.ਯੂ ਦੀ ਕੋਈ ਵੀ ਸ਼ਰਤ ਨਹੀਂ ਸੀ ਅਤੇ ਨਾਂ ਹੀ ਸਰਕਾਰ ਵੱਲੋਂ ਇਸ ਦੀ ਮੰਗ ਕੀਤੀ ਜਾਂਦੀ ਸੀ |

EDUCATION IS A MOVEMENT FROM DARKNESS TO LIGHT
Private Unaided Schools' Association-CBSE/ICSE (Regd.)
(PUSA) Punjab
Regn. No. 217
(An association of Private Unaided Schools Affiliated to CBSE/ICSE in The State of Punjab)

Prof. M.L. Arora
Patron
M.: 98142-54094

Vinod Kumar Khurana
State President
M.: 98156-21788
e-mail: sudeshvatika@yahoo.com

Mohinder Singh 'Bhola'
State Gen. Secretary
M.: 98554-23081
e-mail: mohindersinghpks@gmail.com

ਜਿਸ ਕਰਕੇ ਲੱਗਭਗ 2018 ਤੱਕ ਬਣੇ ਅਤੇ ਆਰ.ਟੀ .ਈ ਦੀ ਮਾਨਤਾ ਪ੍ਰਾਪਤ ਕਰ ਚੁੱਕੇ ਸਕੂਲ ਸੀ.ਐਲ.ਯੂ ਅਤੇ ਬਿਲਡਿੰਗ ਦਾ ਨਕਸ਼ਾ ਪਾਸ ਕਰਾਉਣ ਦੀਆਂ ਸ਼ਰਤਾਂ ਬਾਰੇ ਜਾਣੂ ਹੀ ਨਹੀ ਸਨ |ਉੱਕਤ ਆਰ ਟੀ ਈ ਦੀ ਮਾਨਤਾ ਪ੍ਰਾਪਤ ਕਰ ਚੁੱਕੇ ਸਕੂਲਾਂ ਨੇ ਸੀ ਐੱਲ ਯੂ ਅਤੇ ਬਿਲਡਿੰਗ ਦਾ ਨਕਸ਼ਾ ਪਾਸ ਕਰਾਉਣ ਦੀਆਂ ਸ਼ਰਤਾਂ ਪੂਰੀਆਂ ਨਹੀਂ ਕੀਤੀਆਂ | ਇਸ ਦੇ ਬਾਵਜੂਦ ਵੀ ਉਹਨਾਂ ਸਕੂਲਾਂ ਨੂੰ ਪੰਜਾਬ ਸਰਕਾਰ ਵੱਲੋਂ ਸਕੂਲ ਚਲਾਉਣ ਅਤੇ ਬੱਚੇ ਦਾਖ਼ਲ ਕਰਨ ਦੀ ਮਾਨਤਾ ਦਿੱਤੀ ਗਈ ਸੀ | ਹੁਣ ਇਹਨਾਂ 5 -6 ਸਾਲ ਪਹਿਲਾਂ ਬਣੇ ਸਕੂਲਾਂ ( ਜਿਨ੍ਹਾਂ ਵਿੱਚ ਵੱਡੀ ਗਿਣਤੀ ਵਿੱਚ ਵਿਦਿਆਰਥੀ ਪੜ੍ਹ ਰਹੇ ਹਨ ) ਦੀਆਂ ਇਮਾਰਤਾਂ ਨੂੰ ਢਾਹ ਕੇ ਸੀ.ਐਲ.ਯੂ ਦੇ ਨਿਯਮਾਂ ਮੁਤਾਬਿਕ ਲੋੜੀਂਦੇ ਸੈੱਟ - ਬਾਕਸ ਪੂਰੇ ਕਰਨੇ , ਫਲੋਰ ਏਰੀਆ ਰੇਸ਼ੋ ਪੂਰੀ ਕਰਨੀ ਅਤੇ ਜਮੀਨ ਦੀ ਤਕਸੀਮ ਨਾਲ ਸਬੰਧਤ ਨਿਯਮਾਂ ਦੀ ਪਾਲਣਾ ਕਰਨੀ ਲੱਗਭੱਗ ਨਾਮੁਮਕਿਨ ਹੀ ਹੈ |

2. ਇਸ ਸਮੱਸਿਆ ਤੋਂ ਪੀੜਤ ਸਕੂਲ ਵਿਦਿਆਰਥੀਆਂ ਦੇ ਭਵਿੱਖ ਅਤੇ ਮਾਪਿਆਂ ਨਾਲ ਕੀਤੇ ਸੀ.ਬੀ.ਐਸ.ਈ / ਆਈ.ਸੀ.ਐਸ.ਈ ਮਾਨਤਾ ਸਬੰਧੀ ਵਾਅਦਿਆਂ ਨੂੰ ਲੈ ਕੇ ਅਤਿ ਲਾਚਾਰ ਅਤੇ ਪ੍ਰੇਸ਼ਾਨ ਜਾਪਦੇ ਹਨ ਕਿਉਂਕਿ ਸੀ.ਐਲ.ਯੂ ਦੀ ਅਣਹੋਂਦ ਵਿੱਚ ਇਤਰਾਜਹੀਣਤਾ ਸਰਟੀਫਿਕੇਟ (NOC) ਹੁਣ ਪ੍ਰਚਲਿਤ ਨਿਯਮਾਂ ਅਨੁਸਾਰ ਮਿਲਣਾ ਅਸੰਭਵ ਹੈ|

ਜਿੱਥੋਂ ਤੱਕ NOC ਪ੍ਰਾਪਤੀ ਲਈ ਸੀ.ਐਲ.ਯੂ ਅਤੇ ਬਿਲਡਿੰਗ ਦਾ ਨਕਸ਼ਾ ਪਾਸ ਕਰਾਉਣ ਦੀਆਂ ਸ਼ਰਤਾਂ ਦਾ ਸੰਬੰਧ ਹੈ ਇਹ ਉਨ੍ਹਾਂ ਸਕੂਲਾਂ ਲਈ ਲਾਜਮੀਂ ਹੋਣੀਆਂ ਚਾਹੀਦੀਆਂ ਹਨ ਜਿਨ੍ਹਾਂ ਨੂੰ ਪੰਜਾਬ ਸਰਕਾਰ , ਸਿੱਖਿਆ ਵਿਭਾਗ ਦੇ ਪੱਤਰ ਨੰ 2/93/2009-3 ਐਡੂ 3/1360154/1-4 ਮਿਤੀ 26-11-2018 ਦੇ ਜਾਰੀ ਹੋਣ ਤੋਂ ਬਾਅਦ ਅਤੇ ਉਸ ਵਿਚ ਜਿਕਰ ਕੀਤੇ ਸੀ.ਐਲ.ਯੂ ਆਦਿ ਦੇ ਨਿਯਮਾਂ ਅਨੁਸਾਰ ਮਾਨਤਾ ਦਿੱਤੀ ਗਈ ਹੈ | ਜਿੱਥੋਂ ਤੱਕ 2018 ਤੋਂ ਪਹਿਲਾਂ ਆਰ.ਟੀ .ਈ ਦੀ ਮਾਨਤਾ ਪ੍ਰਾਪਤ ਸਕੂਲਾਂ ਦਾ ਸੰਬੰਧ ਹੈ ਉਨ੍ਹਾਂ ਨੂੰ ਇਸ ਪੜਾਅ ਤੇ ਸੀ.ਐਲ.ਯੂ ਆਦਿ ਦੀ ਸ਼ਰਤ ਨਾ ਪੂਰੀ ਕਰਾਉਣ ਤੇ NOC ਦੇਣ ਤੋਂ ਇਨਕਾਰ ਕਰਨਾ ਉਨ੍ਹਾਂ ਸਕੂਲਾਂ ਦੀ ਹੋਂਦ ਨੂੰ ਖ਼ਤਰੇ ਵਿੱਚ ਪਾਉਣ ਦੀ ਤਰ੍ਹਾਂ ਹੈ | **ਇਸ ਲਈ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ 2018 ਤੋਂ ਪਹਿਲਾਂ ਆਰ.ਟੀ .ਈ ਦੀ ਮਾਨਤਾ ਪ੍ਰਾਪਤ ਕਰ ਚੁੱਕੇ ਸਕੂਲਾਂ ਨੂੰ NOC ਪ੍ਰਾਪਤੀ ਲਈ ਸੀ.ਐਲ.ਯੂ ਅਤੇ ਬਿਲਡਿੰਗ ਪਲਾਨ ਅਪਰੂਵਲ ਆਦਿ ਦੇ ਨਿਯਮਾਂ ਤੋਂ ਛੋਟ ਦੇਣ ਦੀ ਕ੍ਰਿਪਾਲਤਾ**

EDUCATION IS A MOVEMENT FROM DARKNESS TO LIGHT

# Private Unaided Schools' Association-CBSE/ICSE (Regd.)

(PUSA) Punjab

Regn. No. 217

(An association of Private Unaided Schools Affiliated to CBSE/ICSE in The State of Punjab)

Prof. M.L. Arora
Patron
M.: 98142-54094

Vinod Kumar Khurana
State President
M.: 98156-21788
e-mail: sudeshvatika@yahoo.com

Mohinder Singh 'Bhola'
State Gen. Secretary
M.: 98554-23081
e-mail: mohindersinghpks@gmail.com

**ਕੀਤੀ ਜਾਵੇ ਤਾਂ ਜੋ ਅਜਿਹੇ ਸਕੂਲ ਵਿਦਿਆਰਥੀਆਂ ਅਤੇ ਮਾਪਿਆਂ ਨਾਲ ਕੀਤੇ ਵਾਦਿਆਂ ਮੁਤਾਬਿਕ ਸੀ.ਬੀ.ਐਸ.ਈ / ਆਈ.ਸੀ.ਐਸ.ਈ ਦੀ ਮਾਨਤਾ ਪ੍ਰਾਪਤ ਕਰ ਸਕਣ ।**

ਸਾਡੀ ਸਕੂਲ ਅਤੇ ਵਿਦਿਆਰਥੀ ਹਿਤੈਸ਼ੀ ਐਸੋਸੀਏਸ਼ਨ ਆਪ ਜੀ ਦੀ ਅਤਿ ਆਭਾਰੀ ਰਹੇਗੀ ।

ਆਪ ਜੀ ਦੇ ਸ਼ੁਭਚਿੰਤਕ

ਵਿਨੋਦ ਕੁਮਾਰ ਖੁਰਾਣਾ
ਪ੍ਰਧਾਨ ਪੂਸਾ ਪੰਜਾਬ

ਮਹਿੰਦਰ ਸਿੰਘ ਭੋਲਾ
ਜਨ - ਸੈਕਟਰੀ ਪੂਸਾ ਪੰਜਾਬ

**ਅਤੇ ਸੰਮੂਹ ਮੈਂਬਰ ਪ੍ਰਾਇਵੇਟ ਅਨਏਡਿਡ ਸਕੂਲਜ਼ ਐਸੋਸੀਏਸ਼ਨ (ਪੂਸਾ) ਪੰਜਾਬ (ਰਜਿ.)**